**Directorate Of Education, GNCT Of Delhi**

**Practice Paper**

**Session - 2023-24**

**Class- ix**

**Subject- Punjabi (004)**

**Time - 3 hrs** **Maximum Marks- 80**

| **ਆਮ ਨਿਰਦੇਸ਼** |
|---|
| ❖ ਸਾਰੇ ਪ੍ਰਸ਼ਨ ਲਾਜ਼ਮੀ ਹਨ।ਪ੍ਰਸ਼ਨਾਂ ਵਿੱਚ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ।ਉਸਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ।<br>❖ ਬਹੁ-ਵਿਕਲਪੀ ਉੱਤਰਾਂ ਵਾਲੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਸਮੇਂ ਵਿਕਲਪ ਨੰਬਰ ਦੇ ਨਾਲ-ਨਾਲ ਉੱਤਰ ਵੀ ਲਿਖਿਆ ਜਾਵੇ।<br>❖ ਉੱਤਰਾਂ ਨੂੰ ਧਿਆਨ ਨਾਲ ਲਿਖਿਆ/ਉੱਤਰ-ਸ਼ੀਟ 'ਤੇ ਦਰਜ ਕੀਤਾ ਜਾਵੇ। |

| **ਪ੍ਰਸ਼ਨ** | **ਭਾਗ-ੳ (ਪੜ੍ਹਨ ਕੌਸ਼ਲ)** | **ਅੰਕ** |
|---|---|---|
| 1. | ਹੇਠ ਲਿਖੇ ਵਾਰਤਕ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਹੇਠਾਂ ਦਿੱਤੇ ਗਏ ਵਿਕਲਪਾਂ ਦੇ ਆਧਾਰ 'ਤੇ ਚੁਣ ਕੇ ਉੱਤਰ ਸ਼ੀਟ ਵਿੱਚ ਦਰਜ ਕਰੋ।<br>ਮਨੁੱਖ ਸਮਾਜਿਕ ਜੀਵ ਹਨ ਇਸ ਲਈ ਉਹ ਇਕੱਠੇ ਰਹਿੰਦੇ ਹਨ। ਇਸ ਤਰ੍ਹਾਂ ਨਾਲ-ਨਾਲ ਰਹਿਣ ਵਾਲੇ ਲੋਕ ਇੱਕ-ਦੂਜੇ ਦੇ ਗੁਆਂਢੀ ਹੁੰਦੇ ਹਨ। ਅਸੀਂ ਸਾਰੇ ਇੱਕ ਸਮਾਜ ਵਿੱਚ ਰਹਿੰਦੇ ਹਾਂ ਅਤੇ ਸਾਡੇ ਸਾਰਿਆਂ ਦੇ ਗੁਆਂਢੀ ਹਨ ਪਰ ਸਾਡੇ ਵਿੱਚੋਂ ਕਿੰਨੇ ਲੋਕਾਂ ਦੇ ਸੱਚਮੁੱਚ ਚੰਗੇ ਅਤੇ ਵਫ਼ਾਦਾਰ ਗੁਆਂਢੀ ਹਨ? ਆਧੁਨਿਕ ਸੰਸਾਰ ਵਿੱਚ ਚੀਜ਼ਾਂ ਇਸ ਤਰ੍ਹਾਂ ਬਦਲ ਗਈਆਂ ਹਨ ਕਿ ਸਾਡੇ ਵਿੱਚੋਂ ਕੁਝ ਲੋਕ ਇਹ ਵੀ ਨਹੀਂ ਜਾਣਦੇ ਕਿ ਗੁਆਂਢੀ ਘਰ ਵਿੱਚ ਕੌਣ ਰਹਿੰਦਾ ਹੈ? ਫਿਰ ਵੀ ਦੂਜੇ ਪਾਸੇ ਦੂਜਿਆਂ ਦੇ ਅਜਿਹੇ ਗੁਆਂਢੀ ਹਨ, ਜੋ ਇੱਕ ਪਰਿਵਾਰ ਵਾਂਗ ਵਧੇਰੇ ਰਹਿੰਦੇ ਹਨ ਅਤੇ ਇੱਕ ਦੂਜੇ ਦੀ ਸੰਗਤ ਦਾ ਆਨੰਦ ਲੈਂਦੇ ਹਨ।ਇੱਕ ਚੰਗੇ ਗੁਆਂਢੀ ਵਿੱਚ ਕੁਝ ਚੰਗੇ ਗੁਣ ਹੋਣੇ ਚਾਹੀਦੇ ਹਨ। ਉਸਨੂੰ ਹਮਦਰਦੀ, ਦਿਆਲੂ ,ਸਪਸ਼ਟ ,ਇਮਾਨਦਾਰ ,ਨਿਮਰ ਅਤੇ ਚੰਗੇ ਵਿਵਹਾਰ ਵਾਲਾ ਹੋਣਾ ਚਾਹੀਦਾ ਹੈ। ਉਸ ਵਿੱਚ ਸਹਿਣਸ਼ੀਲਤਾ ਅਤੇ ਸਹਿ-ਭਾਵਨਾ ਹੋਣੀ ਚਾਹੀਦੀ ਹੈ। ਉਸਨੂੰ ਸੁਹਿਰਦ ਅਤੇ ਭਰੋਸੇਮੰਦ ਵੀ ਹੋਣਾ ਚਾਹੀਦਾ ਹੈ। ਮਨੁੱਖੀ ਚਰਿੱਤਰ ਦੀ ਮੰਗ ਹੈ ਕਿ ਮਨੁੱਖ ਆਪਣੇ | 1x6=6 |

DoE, Delhi

ਗੁਆਂਢੀ ਦੀ ਦੇਖਭਾਲ ਕਰੇ,ਉਸਨੂੰ ਪਿਆਰ ਕਰੇ ਅਤੇ ਉਸਦੀ ਮਦਦ ਕਰੇ ਪਰ ਜਿਵੇਂ ਸਾਰੇ ਲੋਕ ਚੰਗੇ ਨਹੀਂ ਹੁੰਦੇ,ਉਸੇ ਤਰ੍ਹਾਂ ਸਾਰੇ ਗੁਆਂਢੀ ਚੰਗੇ ਗੁਆਂਢੀ ਨਹੀਂ ਹੋ ਸਕਦੇ। ਚੰਗਾ ਗੁਆਂਢ ਜੀਵਨ ਸੁਖਾਲਾ ਵੀ ਕਰ ਸਕਦਾ ਹੈ ਤੇ ਮਾੜਾ ਗੁਆਂਢ ਜੀਵਨ ਮੁਸ਼ਕਿਲ ਵੀ ਕਰ ਸਕਦਾ ਹੈ। ਬਿਨ੍ਹਾਂ ਗੱਲ ਤੋਂ ਨਿੱਤ ਦੀਆਂ ਲੜਾਈਆਂ ਇੱਕ ਸ਼ਾਂਤੀ ਪਸੰਦ ਬੰਦੇ ਲਈ ਸਿਰਦਰਦੀ ਬਣ ਸਕਦੀ ਹੈ ਤੇ ਉੱਥੇ ਹੀ ਪ੍ਰੇਮ-ਪਿਆਰ ਨਾਲ ਵਸਦਾ ਗੁਆਂਢ ਜ਼ਿੰਦਗੀ ਜਿਊਣ ਵਿੱਚ ਚਾਰ ਚੰਨ ਲਗਾ ਸਕਦਾ ਹੈ।

i) ਪ੍ਰ੦- ਮਨੁੱਖ ਇਕੱਠੇ ਕਿਉਂ ਰਹਿੰਦੇ ਹਨ?

ੳ) ਇਕੱਲਿਆਂ ਡਰ ਲੱਗਦਾ ਹੈ।

ਅ) ਇਕੱਲੇ ਰਹਿਣਾ ਚੰਗੀ ਗੱਲ ਨਹੀਂ।

ੲ) ਮਨੁੱਖ ਇੱਕ ਜਾਗਰੂਕ ਪ੍ਰਾਣੀ ਹੈ।

ਸ) ਮਨੁੱਖ ਸਮਾਜਿਕ ਜੀਵ ਹਨ।

ii) ਪ੍ਰ੦- ਨਾਲ-ਨਾਲ ਰਹਿਣ ਵਾਲੇ ਲੋਕ ਇੱਕ-ਦੂਜੇ ਦੇ ਕੀ ਹੁੰਦੇ ਹਨ?

ੳ) ਰਿਸ਼ਤੇਦਾਰ ਅ) ਗੁਆਂਢੀ

ੲ) ਦੋਸਤ ਸ) ਜਾਣਕਾਰ

iii) ਪ੍ਰ੦- ਸਾਡੇ ਵਿੱਚੋਂ ਕੁਝ ਲੋਕ ਕੀ ਨਹੀਂ ਜਾਣਦੇ?

ੳ) ਸਾਡੇ ਆਸ-ਪਾਸ ਕੀ ਵਾਪਰ ਰਿਹਾ ਹੈ?

ਅ) ਅਸੀਂ ਜ਼ਿੰਦਗੀ ਵਿੱਚ ਕੀ ਕਰਨਾ ਹੈ?

ੲ) ਗੁਆਂਢੀ ਘਰ ਵਿੱਚ ਕੌਣ ਰਹਿੰਦਾ ਹੈ?

ਸ) ਚੰਗੀ ਜ਼ਿੰਦਗੀ ਕਿਵੇਂ ਜੀ ਸਕਦੇ ਹਾਂ?

iv) ਪ੍ਰ੦- ਮਨੁੱਖੀ ਚਰਿੱਤਰ ਦੀ ਮੰਗ ਕੀ ਹੈ?

ੳ) ਉੱਚ ਵਿੱਦਿਆ ਹਾਸਲ ਕਰੇ।

ਅ) ਹਮੇਸ਼ਾ ਨਿਯਮਾਂ ਦਾ ਪਾਲਣ ਕਰੇ।

ੲ) ਵੱਡਿਆਂ ਦਾ ਸਤਿਕਾਰ ਕਰੇ।

ਸ) ਆਪਣੇ ਗੁਆਂਢੀ ਦੀ ਦੇਖਭਾਲ ਕਰੇ।

v) ਪ੍ਰ੦- ਨਿੱਤ ਦੀਆਂ ਲੜਾਈਆਂ ਕਿਸ ਲਈ ਸਿਰਦਰਦੀ ਬਣ ਸਕਦੀ ਹੈ?

ੳ) ਇੱਕ ਪੜ੍ਹੇ-ਲਿਖੇ ਬੰਦੇ ਲਈ।

ਅ) ਇੱਕ ਸ਼ਾਂਤੀ ਪਸੰਦ ਬੰਦੇ ਲਈ।

ੲ) ਕੰਮ ਵਿੱਚ ਰੁੱਝੇ ਬੰਦੇ ਲਈ।

ਸ) ਚੁੱਪ ਰਹਿਣ ਵਾਲੇ ਬੰਦੇ ਲਈ।

DoE, Delhi

| | | |
|---|---|---|
| | vi) ਪ੍ਰ੦- ਜ਼ਿੰਦਗੀ ਜਿਊਣ ਵਿੱਚ ਚਾਰ ਚੰਨ ਕੌਣ ਲਗਾ ਸਕਦਾ ਹੈ?<br>ੳ) ਪ੍ਰੇਮ-ਪਿਆਰ ਨਾਲ ਵਸਦਾ ਗੁਆਂਢ।<br>ਅ) ਆਪਣੇ ਕੰਮ ਨਾਲ ਮਤਲਬ ਰੱਖਣ ਵਾਲਾ।<br>ੲ) ਸਭ ਨੂੰ ਦੇਖ ਕੇ ਖ਼ੁਸ਼ ਹੋਣ ਵਾਲਾ।<br>ਸ) ਮਿਹਨਤ ਕਰਨ ਵਾਲਾ ਇਨਸਾਨ। | |
| 2. | ਹੇਠ ਲਿਖੀ ਕਾਵਿ-ਟੁਕੜੀ ਨੂੰ ਧਿਆਨ ਨਾਲ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਆਧਾਰ 'ਤੇ ਉੱਤਰ ਸ਼ੀਟ ਵਿੱਚ ਦਰਜ ਕਰੋ।<br>ਵਾਤਾਵਰਨ ਨੂੰ ਗੰਦਾ ਕਰਦਾ,<br>ਫੈਕਟਰੀਆਂ ਦਾ ਧੂੰਆਂ।<br>ਗੱਡੀਆਂ-ਮੋਟਰਕਾਰਾਂ ਛੱਡਣ,<br>ਤੇਲ ਦੀਆਂ ਬਦਬੂਆਂ।<br>ਸਾਹ ਲੈਣਾ ਵੀ ਔਖਾ ਹੋਇਆ,<br>ਭੱਜ ਕੇ ਕਿੱਧਰ ਜਾਈਏ?<br>i) ਪ੍ਰ੦- ਫੈਕਟਰੀਆਂ ਦਾ ਧੂਆਂ ਕੀ ਕਰ ਰਿਹਾ ਹੈ?<br>ii) ਪ੍ਰ੦- ਤੇਲ ਦੀਆਂ ਬਦਬੂਆਂ ਕੌਣ ਛੱਡ ਰਿਹਾ ਹੈ?<br>iii) ਪ੍ਰ੦- ਸਾਹ ਲੈਣਾ ਕੀ ਹੋ ਗਿਆ ਹੈ?<br>iv) ਪ੍ਰ੦- ਉਪਰੋਕਤ ਸਤਰਾਂ ਵਿੱਚ ਕਿਸਦੇ ਗੰਦਾ ਹੋਣ ਦੀ ਗੱਲ ਕੀਤੀ ਗਈ ਹੈ? | 1x4=4 |
| | **ਭਾਗ-ਅ (ਵਿਆਕਰਨ)** | |
| 3. | ਵਿਰੋਧੀ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ)<br>i) 'ਗਰਮੀ' ਸ਼ਬਦ ਦਾ ਵਿਰੋਧੀ ਸ਼ਬਦ ਹੇਠ ਦਿੱਤੇ ਵਿਕਲਪਾਂ ਵਿੱਚੋਂ ਚੁਣੋ।<br>ੳ) ਸਰਦ ਅ) ਗਰਮ<br>ੲ) ਗਰਮਾਹਟ ਸ)ਸਰਦੀ<br>ii) 'ਹੱਸਣਾ' ਸ਼ਬਦ ਦਾ ਵਿਰੋਧੀ ਸ਼ਬਦ ਹੇਠ ਦਿੱਤੇ ਵਿਕਲਪਾਂ ਵਿੱਚੋਂ ਚੁਣੋ।<br>ੳ) ਹਾਸਾ ਅ) ਗਮੀ<br>ੲ) ਰੋਣਾ ਸ) ਕੂਕਣਾ<br>iii) 'ਗੰਦਾ' ਸ਼ਬਦ ਦਾ ਵਿਰੋਧੀ ਸ਼ਬਦ ਹੇਠ ਦਿੱਤੇ ਵਿਕਲਪਾਂ ਵਿੱਚੋਂ ਚੁਣੋ।<br>ੳ) ਸੁੰਦਰ ਅ) ਸਾਫ਼<br>ੲ) ਗੰਦ ਸ) ਗੰਦਗੀ | 1x2=2 |
| 4. | ਲਿੰਗ ਬਦਲੋ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) | 1x2=2 |

DoE Delhi

| | | |
|---|---|---|
| | i) ਹੇਠ ਲਿਖੇ ਅਨੁਸਾਰ ਕਿਹੜਾ ਸ਼ਬਦ 'ਨਾਨੀ' ਸ਼ਬਦ ਦਾ ਪੁਲਿੰਗ ਸ਼ਬਦ ਹੈ?<br>ੳ) ਨਾਨੀਆਂ ਅ) ਦਾਦੀ<br>ੲ) ਨਾਨਾ ਸ) ਨਾਨਕੇ<br>ii) ਹੇਠ ਲਿਖੇ ਅਨੁਸਾਰ ਕਿਹੜਾ ਸ਼ਬਦ 'ਬਲਦ' ਸ਼ਬਦ ਦਾ ਇਸਤਰੀਲਿੰਗ ਸ਼ਬਦ ਹੈ?<br>ੳ) ਗਾਂ ਅ) ਮੱਝ<br>ੲ) ਬੈਲਗੱਡੀ ਸ) ਬਲਦਾਂ<br>iii) ਹੇਠ ਲਿਖੇ ਅਨੁਸਾਰ ਕਿਹੜਾ ਸ਼ਬਦ 'ਜਾਦੂਗਰ' ਸ਼ਬਦ ਦਾ ਇਸਤਰੀ ਲਿੰਗ ਸ਼ਬਦ ਹੈ?<br>ੳ) ਜਾਦੂ ਅ) ਜਾਦੂਈ<br>ੲ) ਜਾਦੂਗਰੀ ਸ) ਜਾਦੂਗਰਨੀ | |
| 5. | ਵਿਸਮਿਕ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ)<br>i) ਹੇਠ ਦਿੱਤੇ ਸ਼ਬਦਾਂ ਵਿੱਚੋਂ ਕਿਹੜਾ ਅਸੀਸਵਾਚਕ ਵਿਸਮਿਕ ਦਾ ਉਦਾਹਰਨ ਹੈ?<br>ੳ) ਲੱਖ ਲਾਹਨਤ ਅ) ਬੁਰੇ ਹਾਲ<br>ੲ) ਜੁਆਨੀਆਂ ਮਾਣੋ ਸ) ਅਫ਼ਸੋਸ<br>ii) ਵਿਸਮਿਕ ਕਿਸਨੂੰ ਆਖਦੇ ਹਨ?<br>ੳ) ਵਿਸ਼ੇ ਦੀ ਵਿਸ਼ੇਸ਼ਤਾ ਦੱਸਣ ਵਾਲੇ ਸ਼ਬਦਾਂ ਨੂੰ।<br>ਅ) ਮਨ ਦੀ ਖੁਸ਼ੀ, ਗਮੀ, ਹੈਰਾਨੀ ਪ੍ਰਗਟ ਕਰਨ ਵਾਲੇ ਸ਼ਬਦਾਂ ਨੂੰ।<br>ੲ) ਮਨ ਦੇ ਵਿਚਾਰਾਂ ਨੂੰ ਦੱਸਣ ਵਾਲੇ ਸ਼ਬਦਾਂ ਨੂੰ।<br>ਸ) ਵਿਸ਼ੇਸ਼ਣ ਦੀ ਵਿਸ਼ੇਸ਼ਤਾ ਦੱਸਣ ਵਾਲੇ ਸ਼ਬਦਾਂ ਨੂੰ।<br>iii) 'ਆਓ ਜੀ' ਹੇਠ ਲਿਖੇ ਅਨੁਸਾਰ ਕਿਸ ਵਿਸਮਿਕ ਦੀ ਸਹੀ ਉਦਾਹਰਨ ਹੈ?<br>ੳ) ਫਿਟਕਾਰਵਾਚਕ ਅ) ਸੰਬੋਧਨੀ<br>ੲ) ਹੈਰਾਨੀਵਾਚਕ ਸ) ਸਤਿਕਾਰਵਾਚਕ | 1x2=2 |
| 6. | ਸ਼ਬਦ ਸ਼ੁੱਧੀ<br>ਹੇਠ ਦਿੱਤੇ ਵਾਕਾਂ ਵਿੱਚੋਂ ਲਕੀਰੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ। (ਕੋਈ ਦੋ)<br>i) ਮੋਰ ਨਾਚ ਰਿਹਾ ਸੀ।<br>ii) ਮੇਰੇ ਕੋਲ ਇੱਕ ਬਹੁਤ ਸੋਹਣਾ ਖਿਡੋਣਾ ਹੈ।<br>iii) ਬਾਹਰ ਬਹੁਤ ਤੇਜ਼ ਧੁੰਪ ਹੈ। | 1x2=2 |
| 7. | ਕਿਰਿਆ (ਛੋਟੇ ਉੱਤਰ ਵਾਲੇ ਪ੍ਰਸ਼ਨ) (ਕੋਈ ਦੋ) | 1x2=2 |

DoE Delhi

| | | |
|---|---|---|
| | i) ਸਕਰਮਕ ਕਿਰਿਆ ਕਿਸਨੂੰ ਆਖਦੇ ਹਨ?<br>ii) ਸਕਰਮਕ ਕਿਰਿਆ ਦੀ ਕੋਈ ਇੱਕ ਉਦਾਹਰਨ ਲਿਖੋ?<br>iii) ਕਿਰਿਆ ਕਿਸਨੂੰ ਆਖਦੇ ਹਨ? | |
| 8. | ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ ਦੋ ਨੂੰ ਵਾਕਾਂ ਵਿੱਚ ਵਰਤ ਕੇ ਅਰਥ ਸਪਸ਼ਟ ਕਰੋ।<br>ਹੱਥ ਨੂੰ ਹੱਥ ਹੋਣਾ, ਇੱਟ ਦਾ ਜੁਆਬ ਪੱਥਰ ਨਾਲ ਦੇਣਾ,ਅੱਖਾਂ ਫੇਰ ਲੈਣੀਆਂ,ਉੱਘ-ਸੁੱਘ ਨਾ ਲੈਣੀ। | 1x2=2 |
| | **ਭਾਗ-ਏ (ਪ੍ਰਭਾਵਸ਼ਾਲੀ ਲਿਖਣ-ਕੌਸ਼ਲ)** | |
| 9. | ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ ‘ਤੇ ਲਗਭਗ 200 ਸ਼ਬਦਾਂ ਵਿੱਚ ਲੇਖ ਲਿਖੋ।<br>i) ਮੇਰੀ ਦਾਦੀ ਜੀ<br>(ਜਾਣ-ਪਛਾਣ -------------ਦਿੱਖਣ ਵਿੱਚ ------------ਨੇਕ ਵਿਚਾਰਾਂ ਵਾਲੇ --------ਸਰਬੱਤ ਦਾ ਭਲਾ ਚਾਹੁਣ ਵਾਲੇ --------ਪਰਿਵਾਰ ਨੂੰ ਸਹੀ ਸੇਧ ਦੇਣ ਵਾਲੇ -------- ਬੱਚਿਆਂ ਨੂੰ ਬਹੁਤ ਪਿਆਰ ਕਰਨ ਵਾਲੇ ---------ਪਰਿਵਾਰ ਨੂੰ ਇੱਕ ਜੁੱਟ ਰੱਖਣ ਵਾਲੇ--------------ਸਿੱਟਾ-------)<br>ii) ਅਨੁਸ਼ਾਸਨ<br>(ਜਾਣ-ਪਛਾਣ -----------ਸਵੈ ਅਨੁਸ਼ਾਸਨ ਬਹੁਤ ਜ਼ਰੂਰੀ ----- ਬਾਹਰੀ ਅਨੁਸ਼ਾਸਨ ਸਿਰਫ਼ ਦਿਖਾਵਾ ---------ਕੜੇ ਨਿਯਮਾਂ ਦੀ ਲੋੜ ਕਿਉਂ? ----------ਅਨੁਸ਼ਾਸਨ ਇੱਕ ਆਦਤ ------------ ਵਿਦਿਆਰਥੀਆਂ ਲਈ ਅਨੁਸ਼ਾਸਨ ਲਾਜ਼ਮੀ -----------ਅਨੁਸ਼ਾਸਨ ਦੇ ਸਿਰਫ਼ ਲਾਭ ------ਸਿੱਟਾ -------------)<br>iii) ਫੇਸਬੁੱਕ<br>(ਜਾਣ-ਪਛਾਣ------------ਸੋਸ਼ਲ ਮੀਡੀਆ ਦਾ ਦਾਇਰਾ ਵਧਣਾ---------ਫੇਸਬੁੱਕ ਕੀ ਹੈ?------------- ਪੂਰੇ ਸੰਸਾਰ ਨਾਲ ਜੁੜਨਾ-------- ਦਿਖਾਵੇ ਦੀ ਹੋੜ ਵੱਲ ਵੱਧਦਾ ਰੁਝਾਨ -------------ਸੰਜਮ ਦੀ ਲੋੜ----------ਡਿਜੀਟਲ ਫੁੱਟਪ੍ਰਿੰਟ ਤੋਂ ਸਾਵਧਾਨ ---------ਸਿੱਟਾ----------) | 8 |
| 10. | ਆਪਣੇ ਸਕੂਲ ਮੁਖੀ ਨੂੰ ਸਕੂਲ ਦੀ ਮੈਗਜ਼ੀਨ ਦੇ ਪੰਜਾਬੀ ਭਾਗ ਨੂੰ ਹੋਰ ਆਕਰਸ਼ਕ ਬਣਾਉਣ ਲਈ ਸੁਝਾਵ ਦਿੰਦੇ ਹੋਏ ਪੱਤਰ ਲਿਖੋ।<br>(ਸੰਬੋਧਨੀ ਸ਼ਬਦ -------- ਸਕੂਲ ਮੈਗਜ਼ੀਨ ਬਾਰੇ ਆਰਟੀਕਲ ਦਾ ਨੋਟਿਸ ਲੱਗਣਾ------- ਪੰਜਾਬੀ ਵਿਭਾਗ ਲਈ ਆਰਟੀਕਲ ਦੇਣਾ -------------- ਨਵਾਂ ਕਰਨ ਬਾਰੇ ਸੋਚਣਾ --------------ਸੁਝਾਵ ਦੇਣਾ --------)<br>ਜਾਂ | 6 |

DoE Delhi

| | | |
|---|---|---|
| | ਆਪਣੇ ਮਿੱਤਰ/ਸਹੇਲੀ ਨੂੰ ਆਪਣੇ ਵੱਲੋਂ ਦੇਖੀਆਂ ਦਿੱਲੀ ਦੀਆਂ ਕੁਝ ਇਤਿਹਾਸਿਕ ਇਮਾਰਤਾਂ ਬਾਰੇ ਜਾਣਕਾਰੀ ਦਿੰਦੇ ਹੋਏ ਪੱਤਰ ਲਿਖੋ।<br>(ਘੁੰਮਣ ਦਾ ਸ਼ੌਕ ਹੋਣਾ ------------- ਦਿੱਲੀ ਵਿੱਚ ਘੁੰਮਣ ਦੀਆਂ ਵਿਸ਼ੇਸ਼ ਥਾਵਾਂ --------ਕਈ ਜਗ੍ਹਾ ਘੁੰਮੇ ਹੋਣਾ -------------- ਦਿੱਲੀ ਤੋਂ ਬਾਹਰ ਰਹਿੰਦੇ ਮਿੱਤਰ/ਸਹੇਲੀ ਨੂੰ ਦੱਸਣਾ --------- ਇਤਿਹਾਸਿਕ ਇਮਾਰਤਾਂ ਵੱਲ ਵਿਸ਼ੇਸ਼ ਰੁਚੀ ਹੋਣਾ------------) | |
| 11 | ਹੇਠ ਦਿੱਤੀ ਤਸਵੀਰ ਨੂੰ ਧਿਆਨ ਨਾਲ ਦੇਖ ਕੇ 50 ਸ਼ਬਦਾਂ ਵਿੱਚ ਵਰਨਣ ਕਰੋ।<br><br>**ਨੋਟ- ਇਹ ਪ੍ਰਸ਼ਨ ਤਸਵੀਰ ਅਧਾਰਤ ਪ੍ਰਸ਼ਨ ਦੀ ਥਾਂ ਸਿਰਫ਼ ਨੇਤਰਹੀਣ ਵਿਦਿਆਰਥੀਆਂ ਲਈ ਹੈ।**<br>'ਛੋਟੇ ਬੱਚਿਆਂ ਨੂੰ ਮੋਬਾਈਲ ਫੋਨ ਤੋਂ ਦੂਰ ਰੱਖਣ ਲਈ ਕੀ ਕਰਨਾ ਚਾਹੀਦਾ ਹੈ?'। ਇਸ ਬਾਰੇ ਆਪਣੇ ਵਿਚਾਰ 50 ਸ਼ਬਦਾਂ ਵਿੱਚ ਲਿਖੋ। | 4 |
| | **ਭਾਗ-ਸ (ਪਾਠ-ਪੁਸਤਕਾਂ 'ਤੇ ਅਧਾਰਤ ਪ੍ਰਸ਼ਨ)** | |
| 12 | ਕਹਾਣੀ ਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ)<br>i) ਤਾਇਆ ਮਨਸਾ ਰਾਮ ਨੇ ਕਿਸਦਾ ਮੂੰਹ ਸਾਬਣ ਨਾਲ ਰਗੜ ਦਿੱਤਾ?<br>ੳ) ਗੁਆਂਢੀਆਂ ਦੇ ਕੁੱਤੇ ਦਾ   ਅ) ਗੁਆਂਢੀਆਂ ਦੀ ਗਾਂ ਦਾ<br>ੲ) ਗੁਆਂਢੀਆਂ ਦੇ ਜੁਆਕ ਦਾ   ਸ) ਗੁਆਂਢੀਆਂ ਦੇ ਬਿੱਲੇ ਦਾ<br>ii) ਦੂਜੇ ਨੂੰ ਖਿਮਾ ਕਰਨ ਵਾਲੇ ਨੂੰ ਕੀ ਮਿਲਦਾ ਹੈ?<br>ੳ) ਸਜ਼ਾ   ਅ) ਬਿਮਾਰੀ<br>ੲ) ਦੁੱਖ   ਸ) ਖੁਸ਼ੀ | 1x5=5 |

| | | |
|---|---|---|
| | iii) ਪੁੱਤਰਾਂ ਅਤੇ ਰਿਸ਼ਤੇਦਾਰਾਂ ਵਿੱਚ ਕੜੀ ਦਾ ਕੰਮ ਕੌਣ ਕਰਦਾ ਸੀ?<br>ੳ) ਲੇਖਕ ਅ) ਬੇਬੇ ਜੀ<br>ੲ) ਤਾਇਆ ਮਨਸਾ ਰਾਮ ਸ) ਵੱਡੇ-ਵਡੇਰੇ<br>iv) ਤਕਾਲਾਂ ਨੂੰ ਸਾਰਾ ਟੱਬਰ ਕਿਸਦਾ ਇੰਤਜ਼ਾਰ ਕਰ ਰਿਹਾ ਸੀ?<br>ੳ) ਪ੍ਰਿੰਸੀਪਲ ਦਾ ਅ) ਮੰਤਰੀ ਦਾ<br>ੲ) ਜੁਗਲ ਪ੍ਰਸ਼ਾਦ ਦਾ ਸ) ਜੋਤੀ ਦਾ<br>v) ਕਪੂਰ ਸਿੰਘ ਅਤੇ ਦਰਬਾਰਾ ਆਪਸ ਵਿੱਚ ਕੀ ਲੱਗਦੇ ਸਨ?<br>ੳ) ਭਰਾ ਅ) ਗੁਆਂਢੀ<br>ੲ) ਹਿੱਸੇਦਾਰ ਸ) ਦੋਸਤ<br>vi) ਪਾਲੀ ਦੀ ਬਦਲੀ ਕਿੱਥੇ ਹੋ ਗਈ ਸੀ?<br>ੳ) ਪਟਿਆਲੇ ਤੋਂ ਬਰਨਾਲੇ ਅ) ਮੋਗੇ ਤੋਂ ਅੰਬਾਲੇ<br>ੲ) ਨਾਭੇ ਤੋਂ ਪਟਿਆਲੇ ਸ) ਲੁਧਿਆਣੇ ਤੋਂ ਬਰਨਾਲੇ | |
| 13 | ਕਵਿਤਾ ਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ)<br>i) ਕਵੀ ਦੀ ਗੱਲ ਕੌਣ ਨਹੀਂ ਮੰਨ ਰਿਹਾ?<br>ੳ) ਬੱਚੇ ਅ) ਸਮਾਂ<br>ੲ) ਪੰਛੀ ਸ) ਹਵਾ<br>ii) ਅਸੀਂ ਤਹਿਜ਼ੀਬ ਦੇ ਨਾਲ-ਨਾਲ ਹੋਰ ਕੀ ਗਵਾ ਲਿਆ ਹੈ?<br>ੳ) ਰੂਪ ਅ) ਮਾਣ<br>ੲ) ਅਕਲ ਸ) ਲਗਨ<br>iii) 'ਮਾਤਾ ਗੁਜਰੀ ਜੀ' ਕਵਿਤਾ ਕਿਸ ਦੁਆਰਾ ਲਿਖੀ ਹੋਈ ਹੈ?<br>ੳ) ਅੰਮ੍ਰਿਤਾ ਪ੍ਰੀਤਮ ਅ) ਫ਼ੀਰੋਜ਼ਦੀਨ ਸ਼ਰਫ਼<br>ੲ) ਬਾਵਾ ਬਲਵੰਤ ਸ) ਨੰਦ ਲਾਲ ਨੂਰਪੁਰੀ<br>iv) ਕਿਸ਼ੋਰ ਚੰਦ ਕਿੱਥੇ ਰਹਿੰਦਾ ਸੀ?<br>ੳ) ਮਾਸੀ ਘਰ ਅ) ਕਲੋਨੀ ਵਿੱਚ<br>ੲ) ਸਰਕਾਰੀ ਕੁਆਟਰ ਵਿੱਚ ਸ) ਕਿਰਾਏ ਦੇ ਮਕਾਨ ਵਿੱਚ<br>v) ਚਾਲੀ ਕਿੱਲੇ ਪੈਲ਼ੀ ਦੀ ਮਾਲਕ ਕੌਣ ਹੈ?<br>ੳ) ਸਿਰਜਨਾ ਅ) ਬੀਜੀ<br>ੲ) ਮਾਸੀ ਸ) ਡਾਕਟਰ<br>vi) ਬੀਜੀ,ਸਿਰਜਨਾ ਨੂੰ ਕਿੱਥੇ ਲੈ ਕੇ ਆਈ ਹੈ?<br>ੳ) ਬਜ਼ਾਰ ਅ) ਪੇਕੇ<br>ੲ) ਕਲੀਨਿਕ ਸ) ਦਫ਼ਤਰ | 1x5=5 |
| 14 | ਕਹਾਣੀ ਤੇ ਵਾਰਤਕ ਵਿੱਚੋਂ (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਉ) | 1x4=4 |

DoE, Delhi

| | | |
|---|---|---|
| | i) ਜੁਗਲ ਪ੍ਰਸ਼ਾਦ ਕਿਸਨੂੰ ਅਫਸਰ ਬਣਾਉਣਾ ਚਾਹੁੰਦਾ ਹੈ?<br>ii) ਪਾਲੀ ਕੀ ਕੰਮ ਕਰਦੀ ਸੀ?<br>iii) ਮਿੱਟੀ ਦੀ ਖਿੱਚ ਲੇਖਕ ਨੂੰ ਕਿੱਥੇ ਲੈ ਆਈ ਸੀ?<br>iv) ਖੁਸ਼ੀਆਂ ਆਪੇ ਨਹੀਂ ਆਉਂਦੀਆਂ,ਖੁਸ਼ੀਆਂ ਨੂੰ ਕੀ ਕਰਨਾ ਪੈਂਦਾ ਹੈ?<br>v) ਲੇਖਕ ਨੂੰ ਸੁਪਨੇ ਵਿੱਚ ਕੌਣ ਨਜ਼ਰ ਆਉਂਦਾ ਹੈ? | |
| 15 | ਕਹਾਣੀ, ਵਾਰਤਕ ਅਤੇ ਇਕਾਂਗੀ ਵਿੱਚੋਂ (ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਉ)<br>i) ਦੇਵਕੀ ਨੇ ਪੁਰਾਣੀ ਚਿੱਟੀ ਚਾਦਰ ਕਿਉਂ ਕੱਢੀ ਸੀ?<br>ii) ਕਪੂਰ ਸਿੰਘ ਬੇ-ਘਰ ਕਿਉਂ ਹੋਇਆ ਬੈਠਾ ਸੀ?<br>iii) ਬਸ ਕੰਡਕਟਰ ਨੇ ਪਾਲੀ ਕੋਲੋਂ ਟਿਕਟ ਦੇ ਪੈਸੇ ਕਿਉਂ ਨਹੀਂ ਲਏ?<br>iv) ਤਾਏ ਨੂੰ ਆਪਣੀ ਜਾਨ ਨੂੰ ਖਤਰਾ ਕਿਉਂ ਲੱਗ ਰਿਹਾ ਸੀ?<br>v) ਭੇਰੇ ਜਾਣ ਸਮੇਂ ਲੇਖਕ ਨੂੰ ਕੀ ਪਤਾ ਨਹੀਂ ਸੀ?<br>vi) ਸਾਡੇ ਵੱਡੇ-ਵਡੇਰਿਆਂ ਨੇ ਖੁਸ਼ੀਆਂ ਨੂੰ ਸੱਦਾ ਦੇਣ ਦੇ ਕਿਹੜੇ ਢੰਗ ਕੱਢੇ ਹੋਏ ਹਨ?<br>vii) ਹਵਾਲਦਾਰ ਨੂੰ ਕੀ ਕਰਨ ਲਈ ਕਿਹਾ ਗਿਆ ਹੈ?<br>viii) 'ਸਿਰਜਣਾ' ਇਕਾਂਗੀ ਦੀ ਪਾਤਰ ਮਾਸੀ ਬਾਰੇ ਕੁਝ ਸਤਰਾਂ ਲਿਖੋ। | 2x7=14 |
| 16 | ਕਵਿਤਾ ਤੇ ਵਾਰਤਕ ਵਿੱਚੋਂ (ਉੱਤਰ 50-60 ਸ਼ਬਦਾਂ ਵਿੱਚ ਦਿਉ)<br>i) 'ਵਿਸਾਖੀ ਦਾ ਮੇਲਾ' ਕਵਿਤਾ ਵਿੱਚ ਕਵੀ ਨੇ ਮੇਲੇ ਦਾ ਜੋ ਚਿੱਤਰ ਪੇਸ਼ ਕੀਤਾ ਹੈ,ਉਸਨੂੰ ਆਪਣੇ ਸ਼ਬਦਾਂ ਵਿੱਚ ਲਿਖੋ।<br>ਜਾਂ<br>'ਮਾਤਾ ਗੁਜਰੀ ਜੀ' ਕਵਿਤਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।<br>ii) ਵਹਿਮੀ ਤਾਇਆ ਲੇਖ ਲਿਖਣ ਦਾ ਕੀ ਉਦੇਸ਼ ਹੈ?<br>ਜਾਂ<br>ਔਖਾ ਕੰਮ ਨੇਪਰੇ ਚਾੜ੍ਹਨ ਲਈ ਬੇਬੇ ਆਪਣੇ ਪੁੱਤਰਾਂ ਨੂੰ ਕੀ ਸੰਦੇਸ਼ ਦਿੰਦੀ ਹੈ? | 4x2=8 |
| 17 | ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਦਿਉ।<br>i) ਮਦਨ ਲਾਲ ਦਾ ਪਾਤਰ-ਚਿਤਰਨ ਕਰੋ।<br>ii) ਕੁਲਦੀਪ ਆਪਣੀ ਪਤਨੀ ਸਿਰਜਨਾ ਵੱਲੋਂ ਆਏ ਫ਼ੋਨ ਤੋਂ ਨਰਾਜ਼ ਕਿਉਂ ਹੈ? | 4x1=4 |

DoE, Delhi